# News Release

City of Mississauga
300 City Centre Drive
Mississauga, ON L5B 3C1


MISSISSAUGA

mississauga.ca facebook.com/citymississauga x.com/citymississauga

## Mississauga ਵਿੱਚ ਪਹਿਲੀ ਵਾਰ ਵੋਟ ਪਾ ਰਹੇ ਹੋ? ਅਸੀਂ ਮਦਦ ਲਈ ਹਾਜ਼ਰ ਹਾਂ।

Mississauga ਸ਼ਹਿਰ ਪਹਿਲੀ ਵਾਰ ਵੋਟ ਪਾਉਣ ਵਾਲਿਆਂ ਨੂੰ 26 ਅਕਤੂਬਰ, 2026 ਨੂੰ ਹੋਣ ਵਾਲੀਆਂ ਮਿਊਨਿਸਿਪਲਟੀ ਚੋਣਾਂ ਲਈ ਤਿਆਰ ਹੋਣ ਵਿੱਚ ਮਦਦ ਕਰ ਰਿਹਾ ਹੈ।

2 ਜੁਲਾਈ, 2026




ਵੋਟ ਪਾ ਕੇ ਤੁਸੀਂ ਉਹਨਾਂ ਲੋਕਾਂ ਨੂੰ ਚੁਣਨ ਵਿੱਚ ਮਦਦ ਕਰਦੇ ਹੋ, ਜੋ ਹਰ ਰੋਜ਼ ਵਰਤੀਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਫੈਸਲੇ ਲੈਂਦੇ ਹਨ। ਇਸ ਵਿੱਚ ਸੜਕਾਂ, ਟ੍ਰਾਂਸਪੋਰਟੇਸ਼ਨ, ਪਾਰਕ, ਲਾਇਬ੍ਰੇਰੀਆਂ, ਮਨੋਰੰਜਨ ਪ੍ਰੋਗਰਾਮ, ਰਿਹਾਇਸ਼ ਅਤੇ ਇਹ ਸ਼ਾਮਲ ਹੈ ਕਿ ਟੈਕਸ ਦੇ ਪੈਸੇ ਕਿਵੇਂ ਖਰਚ ਕੀਤੇ ਜਾਂਦੇ ਹਨ।


# News Release

City of Mississauga
300 City Centre Drive
Mississauga, ON L5B 3C1

MISSISSAUGA

mississauga.ca facebook.com/citymississauga x.com/citymississauga

Mississauga, Canada ਦੇ ਸਭ ਤੋਂ ਵੱਧ ਵੰਨ-ਸੁਵੰਨੇ ਸ਼ਹਿਰਾਂ ਵਿੱਚੋਂ ਇੱਕ ਹੈ। ਵੱਧ ਤੋਂ ਵੱਧ ਨਿਵਾਸੀਆਂ ਨੂੰ ਮਹਿਸੂਸ ਹੋਵੇ ਕਿ ਉਹ ਵੋਟ ਪਾਉਣ ਲਈ ਤਿਆਰ ਹਨ, ਇਸ ਵਿੱਚ ਮਦਦ ਕਰਨ ਲਈ, ਸ਼ਹਿਰ Mississauga ਵਿੱਚ ਆਮ ਤੌਰ 'ਤੇ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਸਪੱਸ਼ਟ ਅਤੇ ਪਹੁੰਚਯੋਗ ਚੋਣ ਜਾਣਕਾਰੀ ਸਾਂਝੀ ਕਰ ਰਿਹਾ ਹੈ। ਇਹਨਾਂ ਵਿੱਚ ਅਰਬੀ, ਫ੍ਰੈਂਚ, ਪੋਲਿਸ਼, ਪੰਜਾਬੀ, ਟ੍ਰੈਡਿਸ਼ਨਲ ਚੀਨੀ ਅਤੇ ਉਰਦੂ ਸ਼ਾਮਲ ਹਨ।




## ਵੋਟਿੰਗ ਸਹਾਇਤਾ ਉਪਲਬਧ ਹੈ

ਸ਼ਹਿਰ ਹਰ ਕਿਸੇ ਲਈ ਵੋਟਿੰਗ ਨੂੰ ਸੰਭਵ ਬਣਾਉਣਾ ਚਾਹੁੰਦਾ ਹੈ। ਪਹੁੰਚਯੋਗ ਵੋਟਿੰਗ ਸਥਾਨ, ਵੋਟਿੰਗ ਟੈਕਨੋਲੋਜੀ, ਸਹਾਇਕ ਡਿਵਾਈਸਾਂ ਅਤੇ ਸਿਖਲਾਈ ਪ੍ਰਾਪਤ ਚੋਣ ਸਟਾਫ ਤੋਂ ਸਹਾਇਤਾ ਉਪਲਬਧ ਹੈ। ਜੇਕਰ ਤੁਸੀਂ ਪਹਿਲੀ ਵਾਰ ਵੋਟ ਪਾ ਰਹੇ ਹੋ, ਤਾਂ ਪ੍ਰਕਿਰਿਆ ਵਿੱਚ ਤੁਹਾਡੀ ਮਦਦ ਕਰਨ ਲਈ ਤਿੰਨ ਸਧਾਰਨ ਕਦਮ ਹਨ। ਇਹਨਾਂ ਦੀ ਪਾਲਣਾ ਕਰੋ, ਅਤੇ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਕੀ ਲਿਆਉਣਾ ਹੈ ਅਤੇ ਤੁਸੀਂ ਵੋਟ ਪਾਉਣ ਲਈ ਤਿਆਰ ਮਹਿਸੂਸ ਕਰੋਗੇ।

## ਕੀ ਤੁਸੀਂ Mississauga ਵਿੱਚ ਨਵੇਂ ਹੋ ਜਾਂ ਪਹਿਲੀ ਵਾਰ ਵੋਟ ਪਾ ਰਹੇ ਹੋ? ਤਿਆਰੀ ਲਈ ਇੱਥੇ ਤਿੰਨ ਸਧਾਰਨ ਕਦਮ ਦਿੱਤੇ ਜਾ ਰਹੇ ਹਨ

1. ਕੀ ਤੁਸੀਂ 2026 ਦੀਆਂ ਮਿਊਨਿਸਿਪਲਟੀ ਚੋਣਾਂ ਵਿੱਚ ਵੋਟ ਪਾ ਸਕਦੇ ਹੋ?

   ਚੋਣਾਂ ਵਾਲੇ ਦਿਨ ਤੋਂ ਪਹਿਲਾਂ, ਇਹ ਯਕੀਨੀ ਬਣਾਓ ਕਿ ਤੁਸੀਂ ਵੋਟ ਪਾ ਸਕਦੇ ਹੋ। ਚੈੱਕ ਕਰੋ ਕਿ ਤੁਹਾਡੀ ਜਾਣਕਾਰੀ ਵੋਟਰ ਸੂਚੀ 'ਤੇ ਹੈ। ਜੇਕਰ ਤੁਹਾਡਾ ਨਾਮ ਵੋਟਰ ਸੂਚੀ 'ਤੇ ਹੈ, ਤਾਂ ਤੁਹਾਡਾ ਵੋਟਰ ਸੂਚਨਾ ਕਾਰਡ ਸਤੰਬਰ 2026 ਵਿੱਚ ਡਾਕ ਰਾਹੀਂ ਭੇਜਿਆ ਜਾਵੇਗਾ। ਵੋਟਰ ਸੂਚਨਾ ਕਾਰਡ ਦਰਸਾਉਂਦਾ ਹੈ ਕਿ ਤੁਸੀਂ ਕਦੋਂ ਅਤੇ ਕਿੱਥੇ ਵੋਟ ਪਾ ਸਕਦੇ ਹੋ। ਆਪਣੇ ਨਾਲ ਕਾਰਡ ਰੱਖੋਗੇ ਤਾਂ ਵੋਟ ਪਾਉਣ ਦੀ ਪ੍ਰਕਿਰਿਆ ਹੋਰ ਤੇਜ਼ ਹੋ ਜਾਵੇਗੀ। ਕੌਣ ਵੋਟ ਪਾ ਸਕਦਾ ਹੈ, ਵੋਟਰ ਸੂਚੀ ਅਤੇ ਵੋਟਰ ਸੂਚਨਾ ਕਾਰਡਾਂ ਬਾਰੇ ਵੇਰਵਿਆਂ ਲਈ, mississauga.ca/elections 'ਤੇ ਜਾਓ।

2. ਪਹਿਲਾਂ ਤੋਂ ਯੋਜਨਾ ਬਣਾਓ

   ਤੁਸੀਂ ਘਰੋਂ ਨਿਕਲਣ ਤੋਂ ਪਹਿਲਾਂ ਤਿਆਰੀ ਕਰਕੇ ਵੋਟਿੰਗ ਨੂੰ ਆਸਾਨ ਬਣਾਉਣ ਵਿੱਚ ਮਦਦ ਕਰ ਸਕਦੇ ਹੋ। ਆਪਣਾ ਵੋਟਰ ਸੂਚਨਾ ਕਾਰਡ ਲਿਆਓ, ਜੇਕਰ ਤੁਹਾਨੂੰ ਡਾਕ ਰਾਹੀਂ ਮਿਲਦਾ ਹੈ, ਅਤੇ ਆਪਣੀ ਯਾਤਰਾ ਲਈ ਪਹਿਲਾਂ ਤੋਂ ਯੋਜਨਾ ਬਣਾਓ। ਜਾਣ ਤੋਂ ਪਹਿਲਾਂ ਚੈੱਕ ਕਰੋ ਕਿ ਤੁਸੀਂ ਕਿੱਥੇ ਵੋਟ ਪਾ ਸਕਦੇ ਹੋ। ਆਪਣੇ ਲਈ ਵਾਧੂ ਸਮਾਂ ਰੱਖੋ। ਕਿੰਨੀ ਲੰਬੀ ਲਾਈਨ ਹੈ, ਇਸਦੇ ਆਧਾਰ 'ਤੇ, ਤੁਹਾਨੂੰ ਕਾਫੀ ਸਮਾਂ ਲਾਈਨ ਵਿੱਚ ਲੱਗਣ ਦੀ ਲੋੜ ਪੈ ਸਕਦੀ ਹੈ। ਜਦੋਂ ਤੁਸੀਂ ਵੋਟਿੰਗ ਸਥਾਨ 'ਤੇ ਪਹੁੰਚੋ, ਤਾਂ ਵੋਟਿੰਗ ਦੇ ਸਾਈਨ ਬੋਰਡ ਅਤੇ ਰਸਤਾ ਦੱਸਣ ਵਾਲੇ ਸਾਈਨ ਬੋਰਡ ਦੇਖੋ, ਤਾਂ ਜੋ ਤੁਹਾਨੂੰ ਵੋਟਿੰਗ ਖੇਤਰ ਲੱਭਣ ਵਿੱਚ ਮਦਦ ਮਿਲ ਸਕੇ।

3. ਵੋਟ ਪਾਉਣ ਲਈ ਕੀ ਲਿਆਉਣਾ ਹੈ

   ਜਦੋਂ ਤੁਸੀਂ ਵੋਟਿੰਗ ਸਥਾਨ 'ਤੇ ਜਾਓ, ਤਾਂ Ontario ਸਰਕਾਰ ਦੁਆਰਾ ਸੂਚੀਬੱਧ, ਇੱਕ ਸਵੀਕਾਰਯੋਗ ਪਛਾਣ ਪੱਤਰ (acceptable identification) (ID) ਆਪਣੇ ਨਾਲ ਲਿਆਓ, ਜਿਸ 'ਤੇ ਤੁਹਾਡਾ ਨਾਮ ਅਤੇ ਪਤਾ ਦਰਸਾਇਆ ਹੋਵੇ। ਐਡਵਾਂਸ ਵੋਟਿੰਗ ਦੇ ਦੌਰਾਨ—ਵੋਟ ਪਾਉਣ ਲਈ 26 ਅਕਤੂਬਰ ਤੋਂ ਪਹਿਲਾਂ ਦੀਆਂ ਤਾਰੀਖਾਂ ਤੈਅ ਹਨ—ਉਦੋਂ ਤੁਸੀਂ Mississauga ਵਿੱਚ ਕਿਸੇ ਵੀ ਵੋਟਿੰਗ ਸਥਾਨ 'ਤੇ ਵੋਟ ਪਾ ਸਕਦੇ ਹੋ। ਚੋਣਾਂ ਵਾਲੇ ਦਿਨ, ਤੁਹਾਨੂੰ ਉਸ ਵਾਰਡ ਵਿੱਚ ਹੀ ਵੋਟ ਪਾਉਣੀ ਹੋਵੇਗੀ, ਜਿੱਥੇ ਤੁਸੀਂ ਰਹਿੰਦੇ ਹੋ ਜਾਂ ਜਿੱਥੇ ਤੁਹਾਡੀ ਮਾਲਕੀ ਵਾਲੀ ਪ੍ਰਾਪਰਟੀ ਹੈ।

   ਵਰਤਣ ਲਈ ਸਹੀ ਪਛਾਣ ਪੱਤਰਾਂ ਦੇ ਉਦਾਹਰਨ ਹਨ:

   - Ontario ਡ੍ਰਾਈਵਰ ਲਾਇਸੈਂਸ
   - Ontario ਫੋਟੋ ਕਾਰਡ
   - ਇੱਕ ਚੈੱਕ ਜਾਂ ਬੈਂਕ ਦਸਤਾਵੇਜ਼
   - ਬੀਮਾ ਸਟੇਟਮੈਂਟ
   - ਵੋਟਰ ਪਛਾਣ ਸੂਚੀ (voter identification list) ਵਿੱਚ ਸ਼ਾਮਲ ਕੋਈ ਹੋਰ ਦਸਤਾਵੇਜ਼

## ਪ੍ਰੌਕਸੀ ਦੁਆਰਾ ਵੋਟਿੰਗ

ਜੇ ਤੁਸੀਂ ਖੁਦ ਵੋਟ ਨਹੀਂ ਪਾ ਸਕਦੇ, ਤਾਂ ਤੁਸੀਂ ਕਿਸੇ ਹੋਰ ਨੂੰ ਆਪਣੇ ਵੱਲੋਂ ਵੋਟ ਪਾਉਣ ਲਈ ਕਹਿ ਸਕਦੇ ਹੋ। ਇਸਨੂੰ ਪ੍ਰੌਕਸੀ ਦੁਆਰਾ ਵੋਟਿੰਗ ਕਿਹਾ ਜਾਂਦਾ ਹੈ। ਸਭ ਤੋਂ ਪਹਿਲਾਂ, ਵੋਟਿੰਗ ਪ੍ਰੌਕਸੀ ਲਈ ਅਪੋਇੰਟਮੈਂਟ ਫਾਰਮ (Appointment for Voting Proxy Form) ਭਰੋ। ਫਿਰ, ਚੋਣਾਂ ਵਾਲੇ ਦਿਨ ਸ਼ਾਮ 5 ਵਜੇ ਤੋਂ ਪਹਿਲਾਂ ਇਸ ਫਾਰਮ ਨੂੰ Mississauga ਸ਼ਹਿਰ ਤੋਂ ਪ੍ਰਮਾਣਿਤ ਕਰਵਾਓ।

ਪ੍ਰੌਕਸੀ ਦੁਆਰਾ ਵੋਟ ਪਾਉਣ ਲਈ ਤੁਹਾਨੂੰ ਇਹਨਾਂ ਚੀਜ਼ਾਂ ਦੀ ਲੋੜ ਹੈ:

- ਤੁਸੀਂ ਅਤੇ ਤੁਹਾਡੇ ਲਈ ਵੋਟ ਪਾਉਣ ਵਾਲਾ ਵਿਅਕਤੀ, ਵੋਟਿੰਗ ਪ੍ਰੌਕਸੀ ਲਈ ਅਪੋਇੰਟਮੈਂਟ ਫਾਰਮ (Appointment for Voting Proxy Form) ਭਰਨਗੇ।
- ਲਾਜ਼ਮੀ ਹੈ ਕਿ ਤੁਹਾਡੇ ਲਈ ਵੋਟ ਪਾਉਣ ਵਾਲਾ ਵਿਅਕਤੀ ਅਜਿਹਾ ਹੋਵੇ, ਜੋ Mississauga ਵਿੱਚ ਵੋਟ ਪਾ ਸਕਦਾ ਹੈ।
- ਤੁਹਾਨੂੰ ਅੰਤਿਮ ਮਿਤੀ ਤੋਂ ਪਹਿਲਾਂ ਪੂਰੇ ਕੀਤੇ ਹੋਏ ਪ੍ਰੌਕਸੀ ਫਾਰਮ ਨੂੰ ਪ੍ਰਮਾਣਿਤ ਕਰਵਾਉਣ ਲਈ ਸ਼ਹਿਰ ਕੋਲ ਲਿਆਉਣ ਦੀ ਲੋੜ ਹੋਵੇਗੀ।

## ਆਪਣੀ ਕਮਿਊਨਿਟੀ ਦਾ ਹਿੱਸਾ ਬਣੋ

ਵੋਟਿੰਗ ਆਪਣੀ ਕਮਿਊਨਿਟੀ ਵਿੱਚ ਹਿੱਸਾ ਲੈਣ ਦਾ ਇੱਕ ਸਧਾਰਨ ਪਰ ਪ੍ਰਭਾਵਸ਼ਾਲੀ ਤਰੀਕਾ ਹੈ। ਜੇਕਰ ਤੁਸੀਂ ਵੋਟ ਪਾ ਸਕਦੇ ਹੋ, ਤਾਂ ਚੋਣਾਂ ਬਾਰੇ ਜਾਣਨ ਲਈ ਸਮਾਂ ਕੱਢੋ, ਆਪਣੀ ਜਾਣਕਾਰੀ ਨੂੰ ਚੈੱਕ ਕਰੋ ਅਤੇ ਵੋਟ ਪਾਉਣ ਦੀ ਯੋਜਨਾ ਬਣਾਓ।

## ਹੋਰ ਜਾਣੋ

2026 ਦੀਆਂ ਮਿਊਨਿਸਿਪਲਟੀ ਚੋਣਾਂ ਵਿੱਚ ਵੋਟਿੰਗ ਬਾਰੇ ਹੋਰ ਜਾਣੋ, ਜਿਸ ਵਿੱਚ ਸ਼ਾਮਲ ਹੈ, ਕੌਣ ਵੋਟ ਪਾ ਸਕਦਾ ਹੈ, ਕਿਹੜੀ ID ਦੀ ਲੋੜ ਹੈ, ਵੋਟ ਪਾਉਣ ਦੀਆਂ ਥਾਵਾਂ, ਕਿਸੇ ਹੋਰ ਵੱਲੋਂ ਤੁਹਾਡੇ ਲਈ ਵੋਟ ਪਾਉਣਾ, ਪਹੁੰਚਯੋਗ ਵੋਟਿੰਗ ਅਤੇ ਮੁੱਖ ਤਾਰੀਖਾਂ। 2026 ਦੀਆਂ ਮਿਊਨਿਸਿਪਲਟੀ ਚੋਣਾਂ ਬਾਰੇ ਹੋਰ ਪੜ੍ਹੋ (Read more about the 2026 Municipal Election)।

-30-


### ਮੀਡੀਆ ਸੰਪਰਕ:

Mississauga ਸ਼ਹਿਰ ਮੀਡੀਆ ਸਬੰਧ
media@mississauga.ca
905-615-3200, ਐਕਸਟੈਂਸ਼ਨ 5232
TTY: 905-896-5151